# ਜਲਿਆਂਵਾਲਾ ਖ਼ੂਨੀ ਕਾਂਡ ਦਾ ਪਿਛੋਕੜ — ਰੋਲੱਟ ਕਮੇਟੀ ਰਿਪੋਰਟ

ਮਲਵਿੰਦਰ ਜੀਤ ਸਿੰਘ ਵੜੈਚ*

ਰੋਲੱਟ ਬਿੱਲ, ਜੋ ਹਿੰਦੋਸਤਾਨੀ ਲੋਕਾਂ ਦੇ ਬਚੇ-ਖੁਚੇ ਮਨੁੱਖੀ ਹੱਕਾਂ ਨੂੰ ਖੋਹਣ ਲਈ ਵਿਓਂਤਿਆ ਗਿਆ ਸੀ, ਇਸੇ ਦੇ ਆਪ-ਮੁਹਾਰੇ ਵਿਆਪਕ ਜੰਤਕ ਵਿਦਰੋਹ ਦੀ ਹੀ ਕੜੀ ਸੀ ਜਲਿਆਂਵਾਲੇ ਦਾ ਖ਼ੂਨੀ ਸਾਕਾ।

10 ਦਸੰਬਰ 1917 ਨੂੰ ਲੰਡਨ ਸਰਕਾਰ ਦੀ ਮਨਜ਼ੂਰੀ ਨਾਲ ਵਾਇਸਰਾਏ ਹਿੰਦ ਵੱਲੋਂ ਕਾਇਮ ਕੀਤੀ ਗਈ ਇਸ ਕਮੇਟੀ ਦਾ ਪ੍ਰਧਾਨ ਸੀ ਜਸਟਿਸ ਰੋਲੱਟ ਤੇ ਇਸ ਪੰਜ ਮੈਂਬਰੀ ਕਮੇਟੀ ਵਿੱਚ ਦੋ ਹਿੰਦੋਸਤਾਨੀ ਵੀ ਲੈ ਲਏ ਗਏ ਸਨ। ਕਮੇਟੀ ਨੇ ਵੱਡੀ ਜੰਗ ਦੌਰਾਨ ਬੰਗਾਲ, ਮਹਾਂਰਾਸ਼ਟਰ ਅਤੇ ਖ਼ਾਸ ਕਰਕੇ ਪੰਜਾਬ ਅੰਦਰ ਚਲੀਆਂ ਇਨਕਲਾਬੀ ਲਹਿਰਾਂ ਨਾਲ ਸਿਝਣ ਲਈ ਅਪਨਾਏ ਗਏ ਤੌਰ-ਤਰੀਕਿਆਂ ਦੇ ਆਧਾਰ ਨੇ ਪੇਸ਼ਬੰਦੀ ਵੱਜੋਂ ਸੁਝਾਅ ਪੇਸ਼ ਕਰਨੇ ਸੀ।

ਜ਼ਿਕਰ ਯੋਗ ਹੈ ਕਿ ਜੰਗ ਦੌਰਾਨ ਹਿੰਦ ਸਰਕਾਰ ਨੇ ਗਦਰ ਪਾਰਟੀ ਦੇ 4 ਅਗਸਤ 1914 ਵਾਲੇ ਐਲਾਨੇ ਜੰਗ 'ਤੇ ਕੋਮਾਗਾਟਾ ਮਾਰੂ ਜਹਾਜ਼ ਦੀ ਵਾਪਸੀ ਵੇਲੇ ਅਗਸਤ 1914 ਵਿੱਚ ਇੱਕ ਔਰਡੀਨੈਂਸ ਦੁਆਰਾ ਇਹਨਾਂ ਨੂੰ ਜਹਾਜ਼ੋਂ ਉਤਰਦਿਆਂ ਨੂੰ ਹੀ ਫੜਕੇ ਨਜ਼ਰਬੰਦ ਕਰਨ ਦੀ ਵਿਵਸਥਾ ਕੀਤੀ ਸੀ, ਤੇ ਮਗਰੋਂ ਜਨਵਰੀ 1915 ਵਿੱਚ ਡਿਫੈਂਸ ਔਫ ਇੰਡੀਆ ਕਾਨੂੰਨ ਤੇ ਨਿਯਮਾਂ ਅਧੀਨ ਹਿੰਦ ਸਰਕਾਰ ਨੂੰ ਮਰਜ਼ੀ ਮੁਤਾਬਕ ਕਾਨੂੰਨ ਲਾਗੂ ਕਰਨ ਤੇ "ਵਿਸ਼ੇਸ਼ ਅਦਾਲਤਾਂ" ਗਠਨ ਕਰਨ ਦੀ ਖੁਲ੍ਹ ਦਿੱਤੀ ਸੀ, ਜਿਸ ਦੀ ਓਟ ਵਿੱਚ ਗ਼ਦਰੀਆਂ ਲਈ ਸਪੈਸ਼ਲ ਟ੍ਰਿਬਿਊਨਲ ਥਾਪੇ ਗਏ ਸੀ, ਜਿੱਥੇ ਨਾ ਸੀ ਵਕੀਲ, ਨਾ ਦਲੀਲ ਅਤੇ ਨਾ ਅਪੀਲ।

ਸੋ ਜੰਗ ਮਗਰੋਂ ਵਿਦੇਸ਼ੋਂ ਪਰਤੇ ਪਰਵਾਸੀਆਂ ਤੇ ਭਾਰਤ ਵਾਸੀਆਂ ਦੁਆਰਾ ਜੰਗ ਦੌਰਾਨ ਵਲੋਂ ਵਹਾਏ ਗਏ ਬੇਬਹਾ ਖ਼ੂਨ ਦੇ ਸਿਲੇ ਵੱਜੋਂ ਲਾਈਆਂ ਆਸਾਂ ਨੂੰ ਬੂਰ ਨਾ ਪੈਂਦਾ ਵੇਖ ਲੋਕ ਰੋਹ ਦੇ ਹੋਰ ਪ੍ਰਚੰਡ ਹੋਣ ਦੀਆਂ ਸੰਭਾਵਨਾਵਾਂ ਨੇ ਸਰਕਾਰ ਦੀ ਨੀਂਦਰ ਹਰਾਮ ਕਰ ਰੱਖੀ ਸੀ।

**ਰਿਪੋਰਟ ਦੀ ਰੂਪ-ਰੇਖਾ**

ਇਹਦਾ ਪਹਿਲਾ ਭਾਗ ਇਤਿਹਾਸਕ (Historical) ਜਿਸ ਵਿੱਚ (1) ਮਹਾਰਾਸ਼ਟਰ, (2) ਬੰਗਾਲ ਅਤੇ (3) ਪੰਜਾਬ ਅੰਦਰ ਇਨਕਲਾਬੀ ਲਹਿਰਾਂ ਦੀ ਉਤਪਤੀ ਅਤੇ ਫੈਲਾਅ ਬਾਰੇ ਬੜੇ ਵਿਸਥਾਰ ਵਿੱਚ ਚਰਚਾ ਕੀਤੀ ਗਈ ਸੀ:—

**(ੳ) ਸੂਬਾ ਬੰਬਈ:** ਮਹਾਂਰਾਸ਼ਟਰ ਇਸ ਲੜੀ ਦੀ ਤਰਤੀਬ ਸਮੇਂ-ਕਾਲ ਦੇ ਆਧਾਰ ਤੇ ਕੀਤੀ ਗਈ ਹੈ ਸਭ ਤੋਂ ਪਹਿਲਾ ਵਿਕਾਸ ਹੋਇਆ ਵਿਦਰੋਹੀ ਕਾਰਵਾਈਆਂ ਦਾ ਮਹਾਰਾਸ਼ਟਰ ਤੋਂ 1899 ਤੋਂ ਤੇ ਇਹਨਾਂ ਸਾਰੀਆਂ ਸਾਜਿਸ਼ਾਂ ਲਈ ਜ਼ਿਮੇਵਾਰ ਸਨ, ਓਧਰ ਤੇ ਚਿਤਪਾਵਨ ਬ੍ਰਾਹਮਣ ਜੋ ਇੱਕ ਖਾਸ ਕੁਲ 'ਚੋਂ ਸਨ ਜਿਹੜੀ ਕਿਸੇ ਜ਼ਮਾਨੇ ਰਹਿ ਚੁਕੇ ਰਾਜਿਆਂ ਦੇ ਸਲਾਹਕਾਰ ਪੇਸ਼ਵਾ ਹੋਇਆ ਕਰਦੇ ਸਨ, ਤੇ ਜਿਨ੍ਹਾਂ ਦਾ ਪਿਛੋਕੜ ਗੋਆ ਦਾ ਪੱਛਮੀ ਸਾਹਿਲ (ਕੋਨਕਾਨ) ਸੀ। ਇਸ ਸਿਲਸਿਲੇ ਵਿੱਚ ਪ੍ਰਸਿੱਧ ਚਾਪੇਕਰ ਭਰਾਵਾਂ ਦਾ ਦੇਸ਼ ਨਿਕਾਲਾ ਤੇ ਫਾਂਸੀ, ਗੁਜਰਾਤ-ਕਾਠੀਆਵਾੜ ਤੋਂ ਵਿਦੇਸ਼ੀ ਰਾਏ ਸ਼ਿਆਮਜੀ ਕ੍ਰਿਸ਼ਨ ਵਰਮਾ, ਜਿਨ੍ਹਾਂ ਲੰਡਨ ਵਿੱਚ ਇੰਡੀਆ ਹਾਊਸ ਸਥਾਪਤ ਕੀਤਾ, ਅਤੇ 'ਇੰਡੀਅਨ ਸੋਸ਼ੀਆਲੋਜਿਸਟ' ਰਸਾਲਾ ਜਾਰੀ ਕੀਤਾ ਜਿਹੜਾ ਐਲਾਨੀਆ ਅੰਗ੍ਰੇਜ਼ੀ ਰਾਜ ਵਿਦਰੋਹੀ ਸੀ। ਇਸੇ ਇੰਡੀਆ ਹਾਊਸ 'ਚੋਂ ਹੀ 1907 ਦੌਰਾਨ ਵੀਰ ਸਾਵਰਕਰ ਨੇ 1857 ਦੇ ਗ਼ਦਰ ਨੂੰ "ਪਹਿਲੀ ਆਜ਼ਾਦੀ ਦੀ ਜੰਗ" ਐਲਾਨਦਿਆਂ ਇੱਕ ਖੋਜ ਭਰਪੂਰ ਕਿਤਾਬ ਦੀ ਰਚਨਾ ਕੀਤੀ, ਜਿਸਦਾ ਗ਼ਦਰ ਲਹਿਰ ਤੇ ਡੂੰਘਾ ਪ੍ਰਭਾਵ ਪਿਆ ਸੀ।

**(ਅ) ਬੰਗਾਲ:** ਲਗਭਗ ਮਹਾਰਾਸ਼ਟਰ ਵਾਂਗ ਇਥੇ ਵੀ ਇਨਕਲਾਬੀ ਲਹਿਰ ਦੀ ਮੁੱਖ ਧਿਰ 'ਭਦਰਲੋਕ' ਵਰਗ ਜਾਂ 'ਚਿਟ ਕਪੜੀਏ' ਹੀ ਸਨ। ਰਾਜਸੀ ਕਤਲਾਂ ਤੇ ਡਾਕਿਆਂ ਦੇ ਕਈ ਵਾਕਿਆਤ ਪਿੱਛੋਂ ਪ੍ਰਸਿੱਧ ਅਲੀਪੁਰ ਸਾਜਿਸ਼ ਕੇਸ, ਹੌੜਾ ਸਾਜਿਸ਼ ਕੇਸ, ਆਦਿ ਚਲਾਏ ਗਏ, ਜਿਨ੍ਹਾਂ ਦੇ ਸਿੱਟੇ ਵੱਜੋਂ ਕਈਆਂ ਨੂੰ ਫਾਂਸੀ ਦਿੱਤੀ ਗਈ ਤੇ ਵੱਡੀ ਗਿਣਤੀ ਵਿਚ ਉਮਰ ਕੈਦਾਂ ਕੱਟਣ ਲਈ ਅੰਡੇਮਾਨ-ਕਾਲੇ ਪਾਣੀ ਦੇ ਕੁੰਭੀ ਨਰਕ ਵਿੱਚ ਸੁਟ ਦਿੱਤੇ ਗਏ।

ਜ਼ਿਕਰਯੋਗ ਹੈ ਕਿ ਹਿੰਦ ਸਰਕਾਰ ਨੇ 1911-12 ਦੌਰਾਨ ਆਪਣੀ ਸਰਦੀ ਦੇ ਮੌਸਮ ਵਾਲੀ ਰਾਜਧਾਨੀ ਕਲਕੱਤੇ

---

* Email: mjswaraich29@gmail.com; Ph: 0172-2556314, Facebook: Prof. Malwinder Jit Singh Waraich

ਤੋਂ ਦਿੱਲੀ ਕੇਵਲ ਬੰਗਾਲ ਦੇ ਵਿਦਰੋਹੀ ਵਾਤਾਵਰਨ ਦੇ ਮੱਦੇਨਜ਼ਰ ਹੀ ਲਿਆਂਦੀ ਸੀ; ਇਹ ਵੱਖਰੀ ਗੱਲ ਹੈ ਕਿ ਦਿੱਲੀ ਵਿੱਚ ਵੀ ਲਾਰਡ ਹਾਰਡਿੰਗ ਦਾ ਪਹਿਲੀ ਠਾਠ-ਬਾਠ ਵਾਲੀ ਆਮਦ ਦਾ ਸਵਾਗਤ ਵੀ ਰਾਸ ਬਿਹਾਰੀ (ਬੰਗਾਲੀ) ਅਤੇ ਸਾਥੀਆਂ ਵੱਲੋਂ ਬੰਬ ਦੁਆਰਾ ਹੀ ਕੀਤਾ ਗਿਆ ਸੀ।

(**ੲ**) **ਪੰਜਾਬ**: ਭਾਵੇਂ ਸਮੇਂ-ਕਾਲ ਪੱਖੋਂ ਪੰਜਾਬ 'ਫਾਡੀ' ਹੀ ਲਗੇ, ਪਰ ਜੰਗ ਦੌਰਾਨ ਜਿੱਥੇ ਬੰਬਈ-ਮਹਾਰਾਸ਼ਟਰ ਤਾਂ ਲਗਭਗ 'ਸ਼ਾਂਤ' ਹੀ ਸੀ, ਤੇ ਬੰਗਾਲ 'ਚ ਟਾਂਵੀਆਂ-ਟਾਂਵੀਆਂ ਨਿਕੀਆਂ-ਮੋਟੀਆਂ 'ਵਾਰਦਾਤਾਂ' ਹੀ ਹੋ ਰਹੀਆਂ ਸਨ, ਉਥੇ ਪੰਜਾਬ ਅੰਦਰ 'ਸੁਨਾਮੀ' ਆਈ ਹੋਈ ਸੀ।

---